# ਤੱਥ ਪੱਤਰ ORG05
# ਵਰਕਿੰਗ ਵਿਦ ਚਿਲਡਰਨ ਚੈੱਕ (Working with Children Check)
# ਸਿੱਖਿਆ ਖੇਤਰ

Punjabi | ਪੰਜਾਬੀ

ਹੇਠਾਂ **ਬੱਚਿਆਂ ਨਾਲ ਸੰਬੰਧਿਤ ਕੰਮ** ਦੀਆਂ ਸ਼੍ਰੇਣੀਆਂ ਦੀ ਸੂਚੀ ਦਿੱਤੀ ਗਈ ਹੈ ਜੋ ਸਿੱਖਿਆ ਖੇਤਰ 'ਤੇ ਲਾਗੂ ਹੋ ਸਕਦੀਆਂ ਹਨ, ਜਿੱਥੇ ਕਿਸੇ ਵਿਅਕਤੀ ਦੇ ਅਹੁਦੇ ਵਿੱਚ ਉਹਨਾਂ ਦੀਆਂ **ਆਮ ਡਿਊਟੀਆਂ** ਦੇ ਹਿੱਸੇ ਵਜੋਂ **ਬੱਚਿਆਂ** ਨਾਲ ਸੰਪਰਕ ਕਰਨਾ ਸ਼ਾਮਲ ਹੁੰਦਾ ਹੈ, ਜਾਂ ਸ਼ਾਮਲ ਹੋਣ ਦੀ ਸੰਭਾਵਨਾ ਹੁੰਦੀ ਹੈ।

ਇਹ ਸਾਰਣੀ ਸਿਰਫ਼ ਇੱਕ ਗਾਈਡ ਹੈ ਅਤੇ ਸੰਪੂਰਨ ਹੋਣ ਦਾ ਦਾਅਵਾ ਨਹੀਂ ਕਰਦੀ ਹੈ। ਇਹ ਸਾਰੀਆਂ ਸਥਿਤੀਆਂ ਜਾਂ ਭਿੰਨਤਾਵਾਂ ਨੂੰ ਸ਼ਾਮਲ ਨਹੀਂ ਕਰਦੀ ਹੈ ਅਤੇ ਦਿੱਤੀਆਂ ਗਈਆਂ ਉਦਾਹਰਨਾਂ ਵੀ ਛੋਟਾਂ ਦੇ ਅਧੀਨ ਹੋ ਸਕਦੀਆਂ ਹਨ।

| ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ: | ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ: |
|---|---|
| 2. ਕਮਿਊਨਿਟੀ ਕਿੰਡਰਗਾਰਟਨ | • ਅਧਿਆਪਨ ਸਟਾਫ਼<br>• ਗ਼ੈਰ-ਅਧਿਆਪਨ ਅਮਲਾ, ਜਿਸ ਵਿੱਚ ਸਕੂਲ ਪ੍ਰਬੰਧਕ, ਸਫ਼ਾਈ ਕਰਨ ਵਾਲੇ, ਮਾਲੀ, ਅਤੇ ਮੂਹਰਲੇ ਦਫ਼ਤਰ ਦਾ ਸਟਾਫ਼ ਸ਼ਾਮਲ ਹਨ। |
| 3. ਬੱਚਿਆਂ ਲਈ ਵਿੱਦਿਅਕ ਸੰਸਥਾ | • ਅਧਿਆਪਨ ਸਟਾਫ਼<br>• ਗ਼ੈਰ-ਅਧਿਆਪਨ ਅਮਲਾ, ਜਿਸ ਵਿੱਚ ਸਕੂਲ ਪ੍ਰਬੰਧਕ, ਸਫ਼ਾਈ ਕਰਨ ਵਾਲੇ, ਮਾਲੀ, ਅਤੇ ਮੂਹਰਲੇ ਦਫ਼ਤਰ ਦਾ ਸਟਾਫ਼ ਸ਼ਾਮਲ ਹਨ<br>• ਕੰਨਟੀਨ ਵਰਕਰ ਅਤੇ **ਵਾਲੰਟੀਅਰ**<br>• ਵਰਦੀ ਵਾਲੀ ਦੁਕਾਨ ਦੇ ਕਰਮਚਾਰੀ ਅਤੇ ਵਾਲੰਟੀਅਰ<br>• ਸਕੂਲ ਵਿੱਚ ਪ੍ਰੈਕਟੀਕਮ (ਪਲੇਸਮੈਂਟ) ਨੂੰ ਪੂਰਾ ਕਰਨ ਵਾਲੇ 18 ਸਾਲ ਤੋਂ ਵੱਧ ਉਮਰ ਦੇ **ਵਿਦਿਆਰਥੀ**। |
| 4. ਕਿਸੇ ਵੀ ਕਿਸਮ ਦੀ ਕੋਚਿੰਗ ਜਾਂ ਪ੍ਰਾਈਵੇਟ ਟਿਊਸ਼ਨ ਸੇਵਾ | • ਸਕੂਲੀ ਟੀਮ ਜਾਂ ਸਕੂਲ ਤੋਂ ਬਾਅਦ ਦੇ ਕਲੀਨਿਕ ਦੇ ਕੋਚ/ਇੰਸਟ੍ਰਕਟਰ<br>• ਬੱਚਿਆਂ ਨੂੰ ਨਿੱਜੀ ਜਾਂ ਗਰੁੱਪ ਸੈਸ਼ਨ ਪ੍ਰਦਾਨ ਕਰਨ ਵਾਲੇ ਟਿਊਟਰ<br>• ਸਕੂਲ ਦੁਆਰਾ ਪ੍ਰਬੰਧ ਕੀਤੇ ਟਿਊਟਰ<br>• ਵਾਲੰਟੀਅਰ **ਮਾਤਾ-ਪਿਤਾ** ਆਪਣੇ ਬੱਚੇ ਤੋਂ ਇਲਾਵਾ ਹੋਰ ਬੱਚਿਆਂ ਨੂੰ ਨਿੱਜੀ ਸਿੱਖਿਅਕ ਜਾਂ ਟਿਊਸ਼ਨ ਪ੍ਰਦਾਨ ਕਰਦੇ ਹਨ ਭਾਵ ਇੱਕ-ਨਾਲ-ਇੱਕ ਪੜ੍ਹਨਾ। |

| ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ: | ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ: |
|---|---|
|  5. ਬੱਚਿਆਂ ਦੀ ਰਿਹਾਇਸ਼ ਜਾਂ ਦੇਖਭਾਲ ਦਾ ਪ੍ਰਬੰਧ | • ਸਕੂਲ ਸਮਾਗਮਾਂ ਜਾਂ ਐਕਸਚੇਂਜ ਪ੍ਰੋਗਰਾਮਾਂ ਲਈ ਬੱਚਿਆਂ ਤੋਂ ਰਿਹਾਇਸ਼ ਲਈ ਭੁਗਤਾਨ ਪ੍ਰਾਪਤ ਕਰਨ ਵਾਲੇ ਲੋਕ<br>• ਬੋਰਡਿੰਗ ਹਾਊਸ ਸਟਾਫ਼ ਅਤੇ ਵਾਲੰਟੀਅਰ। |
|  9. ਕਮਿਊਨਿਟੀ ਬਾਲ ਸਿਹਤ ਸੇਵਾ | • ਸਕੂਲ ਨਰਸਾਂ<br>• ਸਕੂਲ ਡੈਂਟਲ ਵੈਨ ਦਾ ਸਟਾਫ਼। |
|  10. ਕਾਉਂਸਲਿੰਗ ਜਾਂ ਹੋਰ ਸਹਾਇਤਾ ਸੇਵਾ | • ਸਪੀਚ ਪੈਥੋਲੋਜਿਸਟ<br>• ਸਕੂਲ ਮਨੋਵਿਗਿਆਨੀ<br>• ਕਿੱਤਾਮੁਖੀ ਥੈਰੇਪਿਸਟ<br>• ਪਾਦਰੀ (ਸ਼੍ਰੇਣੀ 11: ਧਾਰਮਿਕ ਸੰਸਥਾ 'ਤੇ ਵੀ ਲਾਗੂ ਹੁੰਦੀ ਹੈ)। |
|  12. ਕਲੱਬ, ਐਸੋਸੀਏਸ਼ਨ ਜਾਂ ਮੁਹਿੰਮ | • ਕਿਸੇ ਸਕੂਲੀ ਟੀਮ ਜਾਂ ਸਕੂਲ ਤੋਂ ਬਾਅਦ ਦੇ ਕਲੀਨਿਕ ਦੇ ਕੋਚ/ਇੰਸਟ੍ਰਕਟਰ ਜੋ ਕਿ ਕਲੱਬ, ਐਸੋਸੀਏਸ਼ਨ ਜਾਂ ਮੁਹਿੰਮ ਨਾਲ ਜੁੜੇ ਹੋਏ ਹਨ। |
|  15. ਰਾਤ ਰਹਿਣ ਵਾਲੇ ਕੈਂਪ | • ਰਾਤ ਭਰ ਦੇ ਸਮਾਗਮਾਂ/ਕੈਂਪਾਂ ਵਿੱਚ ਗਤੀਵਿਧੀਆਂ ਚਲਾਉਣ ਵਾਲੇ ਲੋਕ<br>• ਰਾਤ ਭਰ ਦੇ ਸਮਾਗਮਾਂ/ਕੈਂਪਾਂ ਵਿੱਚ ਬੱਚਿਆਂ ਦੀ ਨਿਗਰਾਨੀ ਕਰਨ ਵਾਲੇ ਲੋਕ<br>• ਰਾਤ ਭਰ ਦੇ ਪ੍ਰੋਗਰਾਮ/ਕੈਂਪ ਵਿੱਚ ਜੂਨੀਅਰ ਭਾਗੀਦਾਰਾਂ ਨੂੰ ਭੋਜਨ ਪਰੋਸਣ ਵਾਲੇ ਲੋਕ।<br>ਇਸ ਵਿੱਚ ਮਾਤਾ-ਪਿਤਾ ਵਾਲੰਟੀਅਰ ਸ਼ਾਮਲ ਹਨ ਅਤੇ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਹ ਆਪ ਰਾਤ ਭਰ ਰਹਿ ਰਹੇ ਹਨ ਜਾਂ ਨਹੀਂ। |
|  16. ਖ਼ਾਸ ਤੌਰ 'ਤੇ ਬੱਚਿਆਂ ਲਈ ਟ੍ਰਾਂਸਪੋਰਟ (ਆਵਾਜਾਈ) ਸੇਵਾ | • ਸਕੂਲ ਬੱਸ ਡਰਾਈਵਰ<br>• ਬੱਚਿਆਂ ਲਈ ਸਮਰਪਿਤ ਸੇਵਾਵਾਂ ਪ੍ਰਦਾਨ ਕਰਦੇ ਬੱਸ ਜਾਂ ਟੈਕਸੀ ਡਰਾਈਵਰ<br>• ਸੈਰ-ਸਪਾਟੇ, ਕੈਂਪਾਂ ਅਤੇ ਕਾਰਨੀਵਲਾਂ ਲਈ ਪ੍ਰਾਈਵੇਟ ਕੋਚ ਸੇਵਾਵਾਂ। |

| ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ: | ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ: |
|---|---|
|  17. ਸਕੂਲ ਕਰਾਸਿੰਗ ਸੇਵਾ (ਸਕੂਲ ਸਮੇਂ ਰਸਤਾ ਪਾਰ ਕਰਵਾਉਣ ਦੀ ਸੇਵਾ) | • ਸਕੂਲ ਸਮੇਂ ਰਸਤਾ ਪਾਰ ਕਰਵਾਉਣ ਵਾਲੇ / "ਲੌਲੀਪੌਪ" ਲੋਕ<br>• ਟ੍ਰੈਫਿਕ ਵਾਰਡਨ। |
|  18: ਬੱਚਿਆਂ ਲਈ ਮਨੋਰੰਜਨ ਜਾਂ ਪਾਰਟੀ ਸੇਵਾ | • ਸਕੂਲਾਂ ਵਿੱਚ ਵਿੱਦਿਅਕ ਮਨੋਰੰਜਨ ਪ੍ਰਦਾਨ ਕਰਨ ਵਾਲੇ ਲੋਕ, ਉਦਾਹਰਨ ਲਈ, ਕਾਂਸਟੇਬਲ ਕੇਅਰ<br>• ਬੱਚਿਆਂ ਨੂੰ ਪ੍ਰੇਰਣਾਦਾਇਕ ਭਾਸ਼ਣ ਦੇਣ ਵਾਲੇ ਲੋਕ, ਜਿਵੇਂ ਕਿ, ਪੇਸ਼ੇਵਰ ਅਥਲੀਟ<br>• ਬੱਚਿਆਂ ਨੂੰ ਸੱਭਿਆਚਾਰਕ ਜਾਣਕਾਰੀ ਪ੍ਰਦਾਨ ਕਰਨ ਵਾਲੇ ਲੋਕ, ਜਿਵੇਂ ਕਿ ਐਬੋਰਿਜ਼ਨਲ ਬਜ਼ੁਰਗ 'ਦੇਸ਼ ਵਿੱਚ ਸੁਆਗਤ' ਕਰਦੇ ਹਨ ਅਤੇ ਬੱਚਿਆਂ ਨਾਲ ਗੱਲ ਕਰਦੇ ਹਨ<br>• ਫਾਰਮ ਸ਼ੋਅ ਅਤੇ ਜਾਨਵਰਾਂ ਨੂੰ ਸੰਭਾਲਣ ਵਾਲੇ ਲੋਕ<br>• ਬੱਚਿਆਂ ਨੂੰ ਕਹਾਣੀ ਪੜ੍ਹਕੇ ਸੁਣਾਉਣ ਵਾਲੇ ਲੋਕ<br>• ਸਕੂਲ ਫੋਟੋਗ੍ਰਾਫਰ<br>• ਸਕੂਲ ਡਿਸਕੋ ਲਈ ਡੀ.ਜੇ. |

## ਕੀ 18 ਸਾਲ ਤੋਂ ਵੱਧ ਉਮਰ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਵਰਕਿੰਗ ਵਿਦ ਚਿਲਡਰਨ ਚੈੱਕ ਦੀ ਲੋੜ ਹੁੰਦੀ ਹੈ?

ਨਹੀਂ, 18 ਸਾਲ ਤੋਂ ਵੱਧ ਉਮਰ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਹਾਜ਼ਰ ਹੋਣ ਜਾਂ ਸਕੂਲ ਵਿੱਚ ਵਿਦਿਆਰਥੀ ਦੀਆਂ ਆਮ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਵਰਕਿੰਗ ਵਿਦ ਚਿਲਡਰਨ (WWC) ਚੈੱਕ ਦੀ ਲੋੜ ਨਹੀਂ ਹੁੰਦੀ ਹੈ। ਉਦਾਹਰਨ ਲਈ, ਛੋਟੇ ਵਿਦਿਆਰਥੀਆਂ ਲਈ ਇੱਕ ਬੱਡੀ ਪ੍ਰਣਾਲੀ ਵਿੱਚ ਹਿੱਸਾ ਲੈਣਾ, ਦੁਪਹਿਰ ਦੇ ਖਾਣੇ ਦੇ ਸਮੇਂ ਛੋਟੇ ਵਿਦਿਆਰਥੀਆਂ ਨਾਲ ਫੁੱਟਬਾਲ ਖੇਡਣਾ, ਜਾਂ ਸਕੂਲ ਦੇ ਆਲੇ ਦੁਆਲੇ ਵਿਦਿਆਰਥੀਆਂ ਨੂੰ ਨਿਰਦੇਸ਼ਿਤ ਕਰਨਾ।

18 ਸਾਲ ਤੋਂ ਵੱਧ ਉਮਰ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ WWC ਚੈੱਕ ਦੀ ਲੋੜ ਹੋ ਸਕਦੀ ਹੈ ਜੇਕਰ:

- ਉਹ ਸਕੂਲ ਵਿੱਚ ਵਿਦਿਆਰਥੀ ਦੀਆਂ ਆਮ ਗਤੀਵਿਧੀਆਂ ਜਾਂ ਉਮੀਦਾਂ ਤੋਂ ਬਾਹਰ ਕੁੱਝ ਕਰ ਰਹੇ ਹਨ ਜੋ ਉਹਨਾਂ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਲਿਆਉਂਦਾ ਹੈ, ਉਦਾਹਰਨ ਲਈ, ਪਾਠਕ੍ਰਮ ਤੋਂ ਬਾਹਰ ਦੀ ਟਿਊਸ਼ਨ ਦੇਣਾ

- ਉਹਨਾਂ ਦੀ ਸਕੂਲ ਤੋਂ ਬਾਹਰ ਇੱਕ ਭੂਮਿਕਾ ਹੁੰਦੀ ਹੈ ਜਿਸ ਲਈ WWC ਚੈੱਕ ਦੀ ਲੋੜ ਹੁੰਦੀ ਹੈ, ਉਦਾਹਰਨ ਲਈ, ਇੱਕ ਤੈਰਾਕੀ ਇੰਸਟ੍ਰਕਟਰ
- ਉਹਨਾਂ ਕੋਲ ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ (VET) ਵਰਕ ਪਲੇਸਮੈਂਟ ਹੈ ਜਿੱਥੇ ਉਹ ਬੱਚਿਆਂ ਨਾਲ ਸੰਬੰਧਿਤ ਕੰਮ ਕਰ ਰਹੇ ਹਨ, ਉਦਾਹਰਨ ਲਈ, ਬਾਲ ਦੇਖਭਾਲ ਕੇਂਦਰ ਵਿੱਚ ਪਲੇਸਮੈਂਟ।

## ਕੀ 18 ਸਾਲ ਤੋਂ ਘੱਟ ਉਮਰ ਵਾਲੇ ਤਨਖ਼ਾਹ ਵਾਲੇ ਕਰਮਚਾਰੀਆਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਹਾਂ। ਬਾਲ ਵਾਲੰਟੀਅਰਾਂ ਲਈ ਕਾਨੂੰਨ ਵਿੱਚ ਛੋਟ ਹੈ, ਪਰ ਤਨਖ਼ਾਹ ਵਾਲੇ ਕੰਮ ਲਈ ਨਹੀਂ।

## ਕੀ ਮਾਪਿਆਂ ਨੂੰ ਆਪਣੇ ਬੱਚੇ ਦੇ ਸਕੂਲ ਵਿੱਚ ਵਾਲੰਟੀਅਰ ਬਣਨ ਲਈ WWC ਚੈੱਕ ਦੀ ਲੋੜ ਹੈ?

ਮਾਤਾ-ਪਿਤਾ ਵਾਲੰਟੀਅਰਾਂ ਨੂੰ WWC ਚੈੱਕ ਦੀ ਲੋੜ ਤੋਂ ਛੋਟ ਦਿੱਤੀ ਜਾਂਦੀ ਹੈ ਜੇਕਰ ਉਹ ਉਸ ਸਕੂਲ ਵਿੱਚ ਵਾਲੰਟੀਅਰ ਬਣ ਰਹੇ ਹਨ ਜਿਸ ਵਿੱਚ ਉਹਨਾਂ ਦਾ ਬੱਚਾ ਪੜ੍ਹਦਾ ਹੈ। ਇਸ ਵਿੱਚ ਕਲਾਸਰੂਮ ਵਿੱਚ, ਸੈਰ-ਸਪਾਟੇ 'ਤੇ, ਕੰਨਟੀਨ ਜਾਂ ਦਫ਼ਤਰ ਵਿੱਚ ਆਮ ਕਿਸਮ ਦਾ ਵਾਲੰਟੀਅਰ ਬਣਨਾ ਸ਼ਾਮਲ ਹੈ।

ਹਾਲਾਂਕਿ, ਵਾਲੰਟੀਅਰ ਮਾਪੇ ਜੋ ਇਕੱਲੇ ਵਿਦਿਆਰਥੀ ਨੂੰ ਇਕੱਲੇ ਕੋਚਿੰਗ ਜਾਂ ਸਲਾਹ ਦੇਣ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ, ਉਦਾਹਰਨ ਲਈ, ਪੜ੍ਹਨ ਵਿੱਚ ਸਹਾਇਤਾ ਪ੍ਰਦਾਨ ਕਰਦੇ ਹਨ, ਨੂੰ WWC ਚੈੱਕ ਦੀ ਲੋੜ ਹੋਵੇਗੀ। ਕਿਰਪਾ ਕਰਕੇ ਇਹ ਵੀ ਨੋਟ ਕਰੋ ਕਿ ਰਾਤ ਭਰ ਦੇ ਕੈਂਪ ਲਈ ਮਾਤਾ-ਪਿਤਾ ਵਾਲੰਟੀਅਰਾਂ ਨੂੰ ਕੋਈ ਛੋਟ ਨਹੀਂ ਹੈ। ਹੋਰ ਜਾਣਕਾਰੀ ਲਈ ਤੱਥ ਸ਼ੀਟ CRW03 - ਛੋਟਾਂ, ਮਾਤਾ-ਪਿਤਾ ਵਾਲੰਟੀਅਰ ਛੋਟ ਵੇਖੋ।

1 ਜੁਲਾਈ 2023 ਤੋਂ, ਕੋਈ ਵੀ ਵਿਅਕਤੀ ਜਿਸ ਕੋਲ ਚਲੰਤ **ਨਾਕਾਰਤਮਕ ਨੋਟਿਸ** ਜਾਂ **ਅੰਤਰਿਮ ਨਾਕਾਰਤਮਕ ਨੋਟਿਸ** ਹੈ, ਉਹ ਹੁਣ ਮਾਤਾ-ਪਿਤਾ ਵਾਲੰਟੀਅਰ ਛੋਟ ਤੱਕ ਪਹੁੰਚ ਕਰਨ ਦੇ ਯੋਗ ਨਹੀਂ ਹੋਵੇਗਾ। ਹੋਰ ਜਾਣਕਾਰੀ ਲਈ ਤੱਥ ਸ਼ੀਟ CRW04 - ਛੋਟਾਂ, ਪਹੁੰਚ ਨੂੰ ਤੰਗ ਕਰਨਾ ਵੇਖੋ।

WWC ਚੈੱਕ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਿਰਫ਼ ਇੱਕ ਰਣਨੀਤੀ ਹੈ। ਜੇਕਰ ਕੋਈ ਸਕੂਲ ਅਜਿਹੀਆਂ ਗਤੀਵਿਧੀਆਂ ਦੀ ਪਛਾਣ ਕਰਦਾ ਹੈ ਜਿੱਥੇ ਅਪਰਾਧਿਕ ਇਤਿਹਾਸ ਦੀ ਜਾਂਚ ਸੁਰੱਖਿਆ ਵਿੱਚ ਸੁਧਾਰ ਕਰੇਗੀ, ਤਾਂ ਇਸ ਲਈ ਮਾਤਾ-ਪਿਤਾ ਵਾਲੰਟੀਅਰਾਂ ਨੂੰ ਜਾਂ ਤਾਂ ਵਾਲੰਟੀਅਰ ਨੈਸ਼ਨਲ ਪੁਲਿਸ ਸਰਟੀਫ਼ਿਕੇਟ ਜਾਂ ਨੈਸ਼ਨਲ ਪੁਲਿਸ ਸਰਟੀਫ਼ਿਕੇਟ ਦੀ ਲੋੜ ਹੋ ਸਕਦੀ ਹੈ। ਵਧੇਰੇ ਜਾਣਕਾਰੀ ਲਈ WWC ਚੈੱਕ ਵੈੱਬਸਾਈਟ 'ਤੇ ਜਾਓ।

## ਕੀ ਸਕੂਲ ਵਿੱਚ ਵਾਲੰਟੀਅਰ ਬਣਨ ਵਾਲੇ ਦਾਦਾ-ਦਾਦੀ,ਨਾਨਾ-ਨਾਨੀ/ਰਿਸ਼ਤੇਦਾਰਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਹਾਂ, ਦਾਦਾ-ਦਾਦੀ, ਨਾਨਾ-ਨਾਨੀ ਅਤੇ ਹੋਰ ਰਿਸ਼ਤੇਦਾਰਾਂ ਨੂੰ ਸਕੂਲ ਵਿੱਚ ਵਾਲੰਟੀਅਰ ਬਣਨ ਲਈ WWC ਚੈੱਕ ਦੀ ਲੋੜ ਹੋਵੇਗੀ, ਜਦੋਂ ਤੱਕ ਕਿ ਉਹਨਾਂ ਨੂੰ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਐਕਟ 2004* (ਇਸ ਐਕਟ) ਦੇ ਤਹਿਤ ਮਾਪੇ ਨਹੀਂ ਮੰਨਿਆ ਜਾਂਦਾ ਹੈ ਜਾਂ ਜੇਕਰ ਕੋਈ ਹੋਰ ਛੋਟ ਲਾਗੂ ਹੁੰਦੀ ਹੈ। ਉਦਾਹਰਨ ਲਈ, ਇੱਕ ਹਫ਼ਤੇ ਲਈ ਦੂਸਰੇ ਰਾਜ ਤੋਂ ਆਉਣ ਵਾਲਾ ਕੋਈ ਰਿਸ਼ਤੇਦਾਰ ' **WA ਲਈ ਸ਼ਾਰਟ ਟਰਮ ਵਿਜ਼ਟਰ'** ਛੋਟ ਦੇ ਅਧੀਨ ਆ ਸਕਦਾ ਹੈ।

## ਕੀ ਸਕੂਲ ਕੌਂਸਲ ਜਾਂ ਬੋਰਡ ਦੇ ਮੈਂਬਰਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਇਹ ਕੌਂਸਲ ਜਾਂ ਬੋਰਡ ਮੈਂਬਰ ਤੋਂ ਉਮੀਦ ਕੀਤੀਆਂ ਜਾਂਦੀਆਂ ਆਮ ਡਿਊਟੀਆਂ 'ਤੇ ਨਿਰਭਰ ਕਰੇਗਾ। ਜੇ ਕੌਂਸਲ ਜਾਂ ਬੋਰਡ ਮੈਂਬਰ ਕੰਮਕਾਜੀ ਘੰਟਿਆਂ ਤੋਂ ਬਾਅਦ ਵਾਲੀਆਂ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਉਹਨਾਂ ਦੀ ਭੂਮਿਕਾ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਨ ਦੀ ਉਮੀਦ ਨਹੀਂ ਕੀਤੀ ਜਾਂਦੀ ਹੈ, ਤਾਂ ਉਹਨਾਂ ਨੂੰ WWC ਚੈੱਕ ਦੀ ਲੋੜ ਨਹੀਂ ਹੈ। ਜੇ ਕੌਂਸਲ ਜਾਂ ਬੋਰਡ ਮੈਂਬਰ ਦੀ ਭੂਮਿਕਾ ਦਾ ਹਿੱਸਾ ਬੱਚਿਆਂ ਨਾਲ ਜੁੜਨਾ ਹੈ, ਉਦਾਹਰਨ ਲਈ, ਸਾਲ ਦੇ ਜਸ਼ਨਾਂ ਦੇ ਅੰਤ ਵਿੱਚ ਅਵਾਰਡ ਵੰਡਣਾ, ਤਾਂ ਉਹਨਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ (ਕਿਸੇ ਵੀ ਲਾਗੂ ਛੋਟਾਂ ਦੇ ਅਧੀਨ)।

ਬੋਰਡ ਜਾਂ ਕੌਂਸਲ ਦੇ ਮੈਂਬਰਾਂ ਲਈ WWC ਚੈੱਕ ਦੀ ਲੋੜ ਨਹੀਂ ਹੈ ਜੇਕਰ ਕੌਂਸਲ ਜਾਂ ਬੋਰਡ ਵਿੱਚ ਵਿਦਿਆਰਥੀ ਨੁਮਾਇੰਦੇ ਹਨ, ਅਤੇ ਬੱਚਿਆਂ ਨਾਲ ਸੰਬੰਧਿਤ ਕੋਈ ਹੋਰ ਕੰਮ ਨਹੀਂ ਕੀਤਾ ਜਾਂਦਾ ਹੈ। ਸਾਥੀ ਵਾਲੰਟੀਅਰਾਂ ਵਿਚਕਾਰ ਸੰਪਰਕ ਨੂੰ ਇਸ ਐਕਟ ਵਿੱਚ ਸੰਪਰਕ ਦੀ ਪਰਿਭਾਸ਼ਾ ਤੋਂ ਬਾਹਰ ਰੱਖਿਆ ਗਿਆ ਹੈ ਅਤੇ ਇਸ ਲਈ ਇਸਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਨਹੀਂ ਮੰਨਿਆ ਜਾਂਦਾ ਹੈ।

## ਕੀ ਸਕੂਲ ਵਿੱਚ ਪ੍ਰੈਕਟੀਕਮ ਕਰ ਰਹੇ ਵਿਦਿਆਰਥੀਆਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

18 ਸਾਲ ਤੋਂ ਘੱਟ ਉਮਰ ਦੇ ਪ੍ਰੈਕਟੀਕਮ (ਪ੍ਰੈਕ) ਵਿਦਿਆਰਥੀਆਂ ਨੂੰ ਬਾਲ ਵਾਲੰਟੀਅਰ ਛੋਟ ਦੇ ਤਹਿਤ WWC ਚੈੱਕ ਤੋਂ ਛੋਟ ਦਿੱਤੀ ਜਾਂਦੀ ਹੈ। 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ WWC ਚੈੱਕ ਦੀ ਲੋੜ ਹੋਵੇਗੀ ਅਤੇ ਉਹਨਾਂ ਨੂੰ ਪ੍ਰੈਕਟੀਕਮ ਪਲੇਸਮੈਂਟ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਸਿੱਖਿਆ ਪ੍ਰਦਾਤੇ ਦੁਆਰਾ WWC ਚੈੱਕ ਲਈ ਅਰਜ਼ੀ ਦੇਣ ਦੀ ਲੋੜ ਹੋਵੇਗੀ। ਪ੍ਰੈਕ ਵਿਦਿਆਰਥੀਆਂ ਦੇ **ਸਿੱਖਿਆ ਪ੍ਰਦਾਤੇ** ਦੇ ਨੁਮਾਇੰਦੇ ਨੂੰ ਆਪਣੇ ਰੁਜ਼ਗਾਰਦਾਤੇ ਵਜੋਂ ਆਪਣੇ WWC ਅਰਜ਼ੀ ਫਾਰਮ 'ਤੇ ਦਸਤਖ਼ਤ ਕਰਨ ਦੀ ਲੋੜ ਹੁੰਦੀ ਹੈ।

## ਕੀ ਸਕੂਲ ਦੀਆਂ ਸਾਈਟਾਂ 'ਤੇ ਜਾਣ ਵਾਲੇ ਕਾਰੀਗਰਾਂ ਜਾਂ ਠੇਕੇਦਾਰਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਨਹੀਂ, ਕਾਰੀਗਰਾਂ ਨੂੰ ਆਮ ਤੌਰ 'ਤੇ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਨਹੀਂ ਮੰਨਿਆ ਜਾਂਦਾ ਹੈ ਅਤੇ ਉਹਨਾਂ ਨੂੰ WWC ਚੈੱਕ ਦੀ ਲੋੜ ਨਹੀਂ ਹੁੰਦੀ ਹੈ, ਬਸ਼ਰਤੇ ਕਿ ਉਹਨਾਂ ਦੀ ਸਕੂਲ ਵਿੱਚ ਕੋਈ ਨਿਰੰਤਰ ਭੂਮਿਕਾ ਨਾ ਹੋਵੇ ਜੋ ਉਹਨਾਂ ਨੂੰ ਉਹਨਾਂ ਦੇ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਦੇ ਹੋਏ ਦੇਖਦੀ ਹੋਵੇ। ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਨੂੰ ਹੋਰ ਰਣਨੀਤੀਆਂ ਵਰਤਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਕੀ ਸਕੂਲਾਂ ਵਿੱਚ ਆਉਣ ਵਾਲੇ ਫੋਟੋਗ੍ਰਾਫ਼ਰਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਜਿਨ੍ਹਾਂ ਫੋਟੋਗ੍ਰਾਫ਼ਰਾਂ ਦੀਆਂ ਆਮ ਡਿਊਟੀਆਂ ਵਿੱਚ ਕਲਾਸ ਵਿੱਚ ਪੜ੍ਹਾਉਣ ਅਤੇ ਵਿਅਕਤੀਗਤ ਵਿਦਿਆਰਥੀ ਫ਼ੋਟੋਆਂ ਖਿੱਚਣ ਲਈ ਸਕੂਲ ਜਾਣਾ ਸ਼ਾਮਲ ਹੁੰਦਾ ਹੈ ਉਹਨਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ। ਨਿਊਜ਼ ਸਟੋਰੀ ਲਈ ਫ਼ੋਟੋਆਂ ਲੈਣ ਲਈ ਸਕੂਲ ਜਾਣ ਵਾਲੇ ਫ਼ੋਟੋਗ੍ਰਾਫਰ, ਉਦਾਹਰਨ ਲਈ, ਸਥਾਨਕ ਅਖਬਾਰ ਦੇ ਫੋਟੋਗ੍ਰਾਫਰ, ਨੂੰ WWC ਚੈੱਕ ਦੀ ਲੋੜ ਨਹੀਂ ਹੋਵੇਗੀ ਕਿਉਂਕਿ ਬੱਚਿਆਂ ਨਾਲ ਉਸਦੇ ਸੰਪਰਕ ਨੂੰ ਇਤਫ਼ਾਕਨ ਮੰਨਿਆ ਜਾਵੇਗਾ।

## ਕੀ ਸਕੂਲ ਅਸੈਂਬਲੀਆਂ ਵਿੱਚ ਜਾਣ ਵਾਲੇ ਲੋਕਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਨਹੀਂ, ਸਕੂਲ ਅਸੈਂਬਲੀਆਂ ਵਿੱਚ ਜਾਣ ਵਾਲੇ ਲੋਕਾਂ ਨੂੰ WWC ਚੈੱਕ ਦੀ ਲੋੜ ਨਹੀਂ ਹੁੰਦੀ ਹੈ। ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਨੂੰ ਹੋਰ ਰਣਨੀਤੀਆਂ ਵਰਤਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## ਕੀ ਵਿਦਿਆਰਥੀਆਂ ਨਾਲ ਗੱਲ ਕਰਨ ਲਈ ਸਕੂਲਾਂ ਵਿੱਚ ਆਉਣ ਵਾਲੇ ਲੋਕਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਉਹ ਵਿਅਕਤੀ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਪਰਿਭਾਸ਼ਾ ਨੂੰ ਪੂਰਾ ਕਰਦਾ ਹੈ।

ਜੇਕਰ ਉਹ ਵਿਅਕਤੀ ਆਪਣੀ ਭੂਮਿਕਾ ਦੇ ਹਿੱਸੇ ਵਜੋਂ ਬੱਚਿਆਂ ਨਾਲ ਗੱਲ ਕਰਨ ਲਈ, ਜਾਂ ਸਕੂਲ ਜਾਂ ਯੁਵਾਵਾਂ ਨਾਲ ਗੱਲਬਾਤ ਕਰਨ ਲਈ ਨਿਯਮਿਤ ਤੌਰ 'ਤੇ ਸਕੂਲਾਂ ਦਾ ਦੌਰਾ ਕਰਦਾ ਹੈ, ਤਾਂ ਉਸਨੂੰ WWC ਚੈੱਕ ਦੀ ਲੋੜ ਹੁੰਦੀ ਹੈ। ਜੇਕਰ ਉਹ ਵਿਅਕਤੀ ਆਪਣੀ ਆਮ ਭੂਮਿਕਾ ਤੋਂ ਬਾਹਰ ਇੱਕ ਵਾਰੀ ਦੇ ਸਮਾਗਮ ਵਜੋਂ ਬੋਲਣ ਲਈ ਸਹਿਮਤ ਹੋਇਆ ਹੈ, ਤਾਂ ਉਹਨਾਂ ਨੂੰ WWC ਚੈੱਕ ਦੀ ਲੋੜ ਹੋਣ ਦੀ ਸੰਭਾਵਨਾ ਨਹੀਂ ਹੈ। ਹਾਲਾਂਕਿ, ਜੇਕਰ ਵਿਅਕਤੀ ਦੀ ਭੂਮਿਕਾ ਨਿਯਮਤ ਬੱਚਿਆਂ ਨਾਲ ਸੰਬੰਧਿਤ ਕੰਮ ਨੂੰ ਸ਼ਾਮਲ ਕਰਨ ਲਈ ਬਦਲ ਜਾਂਦੀ ਹੈ, ਤਾਂ ਉਹਨਾਂ ਨੂੰ WWC ਚੈੱਕ ਲਈ ਅਰਜ਼ੀ ਦੇਣ ਦੀ ਲੋੜ ਹੋਵੇਗੀ।

## ਕੀ ਚਾਈਲਡ ਪ੍ਰੋਟੈਕਸ਼ਨ ਅਤੇ ਫੈਮਿਲੀ ਸਪੋਰਟ ਅਫ਼ਸਰਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਹਾਂ। ਚਾਈਲਡ ਪ੍ਰੋਟੈਕਸ਼ਨ ਅਤੇ ਫੈਮਿਲੀ ਸਪੋਰਟ ਅਫ਼ਸਰਾਂ ਨੂੰ ਆਪਣੀਆਂ ਡਿਊਟੀਆਂ ਨਿਭਾਉਣ ਲਈ WWC ਚੈੱਕ ਰੱਖਣ ਦੀ ਲੋੜ ਹੁੰਦੀ ਹੈ।

## ਕੀ ਸਿਰਫ਼ ਸਕੂਲ ਦੇ ਸਮੇਂ ਦੌਰਾਨ ਸਟਾਫ਼ ਨਾਲ ਮੀਟਿੰਗਾਂ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਨਹੀਂ। WWC ਚੈੱਕ ਦੀ ਲੋੜ ਸਿਰਫ਼ ਤਾਂ ਹੀ ਹੁੰਦੀ ਹੈ ਜੇਕਰ ਉਹ ਵਿਅਕਤੀ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਹੈ। ਸਟਾਫ਼ ਨਾਲ ਮੀਟਿੰਗ ਵਿੱਚ ਸ਼ਾਮਲ ਹੋਣ ਵਾਲਾ ਕੋਈ ਵਿਅਕਤੀ ਸਕੂਲ ਵਿੱਚ ਬੱਚਿਆਂ ਦੇ ਕੋਲੋਂ ਲੰਘ ਸਕਦਾ ਹੈ, ਪਰ ਇਸ ਨੂੰ **ਇਤਫਾਕਨ ਸੰਪਰਕ** ਮੰਨਿਆ ਜਾਂਦਾ

ਹੈ। ਸਕੂਲਾਂ ਨੂੰ ਫੇਰੀ ਪਾਉਣ ਆਏ ਲੋਕਾਂ (ਵਿਜ਼ਟਰਾਂ) ਦਾ ਪ੍ਰਬੰਧਨ ਕਰਨ ਲਈ ਹੋਰ ਬਾਲ ਸੁਰੱਖਿਅਤ ਰਣਨੀਤੀਆਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

## ਕੀ VET ਵਿਦਿਆਰਥੀਆਂ ਦੀ 'ਮੇਜ਼ਬਾਨੀ' ਕਰਨ ਵਾਲੇ ਸਟਾਫ਼ ਲਈ WWC ਚੈੱਕ ਦੀ ਲੋੜ ਹੈ?

VET ਵਿਦਿਆਰਥੀ ਦੀ 'ਮੇਜ਼ਬਾਨੀ' ਕਰਨ ਲਈ ਸਟਾਫ਼ ਨੂੰ WWC ਚੈੱਕ ਦੀ ਲੋੜ ਨਹੀਂ ਹੈ, ਕਿਉਂਕਿ ਇੱਕ ਕਰਮਚਾਰੀ ਅਤੇ ਉਹਨਾਂ ਦੀ ਨਿਗਰਾਨੀ ਕਰਨ ਵਾਲੇ ਵਿਅਕਤੀ ਵਿਚਕਾਰ ਸੰਪਰਕ ਨੂੰ ਇਸ ਐਕਟ ਵਿੱਚ ਸੰਪਰਕ ਦੀ ਪਰਿਭਾਸ਼ਾ ਤੋਂ ਬਾਹਰ ਰੱਖਿਆ ਗਿਆ ਹੈ। VET ਵਿਦਿਆਰਥੀਆਂ ਦੀ ਮੇਜ਼ਬਾਨੀ ਕਰਨ ਵਾਲੀਆਂ ਸੰਸਥਾਵਾਂ ਦੇ ਸਟਾਫ਼ ਦੁਆਰਾ WWC ਚੈੱਕਾਂ ਦੀ ਲੋੜ ਸਿਰਫ਼ ਤਾਂ ਹੁੰਦੀ ਹੈ ਜੇਕਰ ਉਹਨਾਂ ਵੱਲੋਂ ਕਰਨ ਵਾਲਾ ਆਮ ਕੰਮ ਬੱਚਿਆਂ ਨਾਲ ਸੰਬੰਧਿਤ ਕੰਮ ਹੁੰਦਾ ਹੈ, ਉਦਾਹਰਨ ਲਈ, ਇੱਕ ਚਾਈਲਡ ਕੇਅਰ ਸੈਂਟਰ।

## ਕੀ ਸਕੂਲ ਨੂੰ ਸਕੂਲ ਵਿੱਚ ਬੱਚਿਆਂ ਦੇ ਨਾਲ ਕੰਮ ਕਰਨ ਵਾਲੇ ਸਾਰੇ ਲੋਕਾਂ ਲਈ WWC ਚੈੱਕਾਂ ਨੂੰ ਦੇਖਣ ਅਤੇ ਰਿਕਾਰਡ ਕਰਨ ਦੀ ਲੋੜ ਹੈ?

ਇਹ ਪੁਰਜ਼ੋਰ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਸਾਰੀਆਂ ਸੰਸਥਾਵਾਂ WWC ਚੈੱਕ ਰਿਕਾਰਡ ਰੱਖਣ ਅਤੇ ਬਰਕਰਾਰ ਰੱਖਣ, ਸਹਾਇਤਾ ਸਰੋਤਾਂ ਅਤੇ ਔਨਲਾਈਨ ਸੇਵਾਵਾਂ ਲਈ WWC ਦੀ ਵੈੱਬਸਾਈਟ ਵੇਖੋ।

## ਕੀ ਸਕੂਲ ਨੂੰ ਆਪਣੇ ਸਥਾਨ 'ਤੇ ਸਹਿ-ਸਥਿਤ ਸੰਸਥਾਵਾਂ ਲਈ WWC ਚੈੱਕਾਂ ਨੂੰ ਦੇਖਣ ਅਤੇ ਰਿਕਾਰਡ ਕਰਨ ਦੀ ਲੋੜ ਹੈ?

ਜੇਕਰ ਇਸ ਸਹਿ-ਸਥਿਤ ਸੰਸਥਾ ਦਾ ਪ੍ਰਬੰਧਨ ਸਕੂਲ ਦੁਆਰਾ ਕੀਤਾ ਜਾਂਦਾ ਹੈ, ਤਾਂ ਇਹ ਪੁਰਜ਼ੋਰ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਸਕੂਲ ਇਸ ਸੰਸਥਾ ਲਈ WWC ਚੈੱਕ ਰਿਕਾਰਡ ਰੱਖੇ ਅਤੇ ਬਰਕਰਾਰ ਰੱਖੇ।

ਜੇਕਰ ਇਸ ਸਹਿ-ਸਥਿਤ ਸੰਸਥਾ ਦਾ ਪ੍ਰਬੰਧਨ ਸਕੂਲ ਦੁਆਰਾ ਨਹੀਂ ਕੀਤਾ ਜਾਂਦਾ ਹੈ, ਤਾਂ ਸਕੂਲ ਨੂੰ ਇਸ ਸੰਸਥਾ ਦੇ WWC ਚੈੱਕ ਵੇਰਵੇ ਦੇਖਣ ਜਾਂ ਰਿਕਾਰਡ ਕਰਨ ਦੀ ਲੋੜ ਨਹੀਂ ਹੈ।

## ਕੀ ਸਕੂਲ ਨੂੰ ਸੈਰ-ਸਪਾਟਾ ਕਰਨ ਜਾਣ ਵਾਲੇ ਸਥਾਨਾਂ ਲਈ WWC ਚੈੱਕਾਂ ਨੂੰ ਦੇਖਣ ਅਤੇ ਰਿਕਾਰਡ ਕਰਨ ਦੀ ਲੋੜ ਹੈ?

ਨਹੀਂ, ਹਾਲਾਂਕਿ ਸਕੂਲਾਂ ਨੂੰ ਲਿਖਤੀ ਰੂਪ ਵਿੱਚ ਪੁਸ਼ਟੀ ਪ੍ਰਾਪਤ ਕਰਨੀ ਚਾਹੀਦੀ ਹੈ ਕਿ ਸੈਰ-ਸਪਾਟਾ ਸਥਾਨ ਜਾਂ ਸੰਸਥਾ ਇਸ ਐਕਟ ਦੇ ਅਧੀਨ ਬਣਦੀਆਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਹੈ, ਅਤੇ ਉਹਨਾਂ ਦੀ ਪਾਲਣਾ ਕਰ ਰਹੀ ਹੈ।

## ਕੀ ਸਕੂਲ ਨੂੰ ਸਕੂਲ ਦੀਆਂ ਸਹੂਲਤਾਂ ਨੂੰ ਕਿਰਾਏ 'ਤੇ ਲੈਣ ਵਾਲੇ ਲੋਕਾਂ ਜਾਂ ਸੰਸਥਾਵਾਂ ਲਈ WWC ਚੈੱਕ ਦੇਖਣ ਅਤੇ ਰਿਕਾਰਡ ਕਰਨ ਦੀ ਲੋੜ ਹੈ?

ਨਹੀਂ। ਸਕੂਲਾਂ ਨੂੰ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰਣਨੀਤੀਆਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

## ਹੋਰ ਜਾਣਕਾਰੀ

ਬਾਲ ਸੁਰੱਖਿਅਤ ਰਣਨੀਤੀਆਂ ਅਤੇ ਨੀਤੀਆਂ ਬਾਰੇ ਹੋਰ ਜਾਣਕਾਰੀ ਇਹਨਾਂ ਵੈੱਬਸਾਈਟਾਂ 'ਤੇ ਲੱਭੀ ਜਾ ਸਕਦੀ ਹੈ:

- WA ਦੇ ਸਿੱਖਿਆ ਵਿਭਾਗ - www.education.wa.edu.au
- WA ਦੇ ਆਤਮ-ਨਿਰਭਰ ਸਕੂਲਾਂ ਦੀ ਐਸੋਸੀਏਸ਼ਨ - www.ais.wa.edu.au
- WA ਦੀ ਕੈਥੋਲਿਕ ਸਿੱਖਿਆ - www.cewa.edu.au
- WA ਦਾ ਅਧਿਆਪਕ ਰਜਿਸਟ੍ਰੇਸ਼ਨ ਬੋਰਡ - www.trb.wa.gov.au

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au 'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।